# तेरा रज्ज रज्ज दर्शन पावां

ਤੇਰਾ ਰੱਜ ਰੱਜ, ਦਰਸ਼ਨ ਪਾਵਾਂ,
ਨੀ ਸੂਹੇ ਸੂਹੇ ਚੋਲੇ ਵਾਲੀਏ ॥
*ਵਾਜ਼ਾਂ ਮਾਰ ਮਾਰ,,, ਜੈ ਹੋ ||||, ਤੈਨੂੰ ਮੈਂ ਬੁਲਾਵਾਂ,
ਨੀ ਸੂਹੇ ਸੂਹੇ ਚੋਲੇ ਵਾਲੀਏ ॥
ਤੇਰਾ ਰੱਜ ਰੱਜ, ਦਰਸ਼ਨ ਪਾਵਾਂ,
ਨੀ ਸੂਹੇ ਸੂਹੇ ਚੋਲੇ ਵਾਲੀਏ ॥
^
ਉੱਚੀਆਂ ਪਹਾੜੀਆਂ 'ਚ, ਡੇਰਾ ਮਈਆ ਲਾ ਲਿਆ ।
ਤੇਰਿਆਂ ਵਿਛੋੜਿਆਂ ਨੇ, ਚੈਨ ਮੇਰਾ ਲੈ ਲਿਆ ॥
ਕਦੇ ਸੁਣ ਆ ਕੇ,,, ਜੈ ਹੋ |||, ਸਾਡੀਆਂ ਵੀ ਹਾਵਾਂ,
ਨੀ ਸੂਹੇ ਸੂਹੇ ਚੋਲੇ ਵਾਲੀਏ,,,
ਤੇਰਾ ਰੱਜ ਰੱਜ, ਦਰਸ਼ਨ ਪਾਵਾਂ,,,,,,,,,,,,,,,,F
^
ਜਦੋਂ ਦਾ ਤੂੰ ਮਈਆ ਮੈਥੋਂ, ਫ਼ੇਰ ਲਿਆ ਮੁਖ਼ ਵੇ ।
ਖੁਸ਼ੀਆਂ ਤੇ ਹਾਸੇ ਮਈਆ, ਗਏ ਮੈਥੋਂ ਰੁੱਸ ਵੇ ॥
ਕੀਹਦੇ ਵਾਸਤੇ,,, ਜੈ ਹੋ |||, ਮੈਂ ਚੁੰਨੜੀ ਲਿਆਵਾਂ,
ਨੀ ਸੂਹੇ ਸੂਹੇ ਚੋਲੇ ਵਾਲੀਏ,,,
ਤੇਰਾ ਰੱਜ ਰੱਜ, ਦਰਸ਼ਨ ਪਾਵਾਂ,,,,,,,,,,,,,,,,F
^
ਇੱਕ ਵਾਰੀ ਦਰਸ਼, ਦਿਖਾ ਜਾ ਮਈਆ ਆ ਕੇ ।
ਅੱਖੀਆਂ ਦੀ ਪਿਆਸ, ਬੁਝਾ ਜਾ ਮਈਆ ਆ ਕੇ ॥
ਕਿਤੇ ਨਿਕਲ ਹੀ,,, ਜੈ ਹੋ |||, ਨਾ ਜਾਣ ਮੇਰੀਆਂ ਸਾਹਵਾਂ,
ਨੀ ਸੂਹੇ ਸੂਹੇ ਚੋਲੇ ਵਾਲੀਏ,,,
ਤੇਰਾ ਰੱਜ ਰੱਜ, ਦਰਸ਼ਨ ਪਾਵਾਂ,,,,,,,,,,,,,,,,F

ਅਸੀਂ ਤਾਂ ਆਸਾਂ ਮਾਂਏਂ, ਤੇਰੇ ਉੱਤੇ ਰੱਖੀਆਂ ।
ਰਾਹ ਤੇਰਾ ਤੱਕ ਤੱਕ, ਥੱਕ ਗਈਆਂ ਅੱਖੀਆਂ ॥
ਤੇਰੇ ਰਾਹਵਾਂ ਵਿੱਚ,,, ਜੈ ਹੋ |||, ਨੈਣ ਵਿਛਾਵਾਂ,
ਨੀ ਸੂਹੇ ਸੂਹੇ ਚੋਲੇ ਵਾਲੀਏ,,,
ਤੇਰਾ ਰੱਜ ਰੱਜ, ਦਰਸ਼ਨ ਪਾਵਾਂ,,,,,,,,,,,,,,,,F

ਭੁੱਲਣਾ ਨਹੀਂ ਚੇਤਾ ਮਾਂਏਂ, ਤੇਰੇ ਦਰਬਾਰ ਦਾ ।
ਹੁਣ ਤੇ ਆਜਾ ਤੇਰਾ, ਲਾਲ ਵਾਜ਼ਾਂ ਮਾਰਦਾ ॥
ਨੈਣ ਥੱਕ ਗਏ,,, ਜੈ ਹੋ |||, ਤੱਕ ਤੱਕ ਰਾਹਵਾਂ,
ਨੀ ਸੂਹੇ ਸੂਹੇ ਚੋਲੇ ਵਾਲੀਏ,,,
ਤੇਰਾ ਰੱਜ ਰੱਜ, ਦਰਸ਼ਨ ਪਾਵਾਂ,,,,,,,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/30044/title/tera-rajj-rajj-darshan-pava

अपने Android मोबाइल पर BhajanGanga App डाउनलोड करें और भजनों का आनंद ले |